# ਡਾ. ਰਵਿੰਦਰ ਸਿੰਘ ਰਵੀ ਸਟੇਟ ਪੱਖੀ ਚਿਹਰਾ

**– ਰਾਜਵਿੰਦਰ ਸਿੰਘ ਰਾਹੀ**

19 ਮਈ 1989 ਨੂੰ ਖ਼ਾਲਿਸਤਾਨੀ ਨੌਜਵਾਨਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ, ਉੱਘੇ ਆਲੋਚਕ ਡਾ. ਰਵਿੰਦਰ ਸਿੰਘ ਰਵੀ ਦਾ ਉਸ ਦੇ ਘਰ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਉਸ ਦੇ ਕਤਲ ਤੇ ਪੰਜਾਬੀ ਲੇਖਕਾਂ, ਸੀ.ਪੀ. ਆਈ, ਸੀ.ਪੀ.ਐਮ, ਭਾਰਤੀ ਸਟੇਟ ਤੇ ਨਕਸਲੀਆਂ ਦੇ ਕੁਸ਼ ਗਰੁੱਪਾਂ ਨੇ ਖਾਲਿਸਤਾਨੀਆਂ ਵਿਰੁੱਧ ਬਹੁਤ ਹੀ ਜ਼ਹਿਰੀਲੇ ਗ਼ੁੱਸੇ ਦਾ ਪ੍ਰਗਟਾਵਾ ਕੀਤਾ ਸੀ। ਇਸ ਕਤਲ ਨੂੰ ਕਈ ਲੇਖਕਾਂ, ਕਵੀਆ, ਬੁੱਧੀਜੀਵੀਆਂ ਦੇ ਲਿਖਣ/ ਬੋਲਣ ਦੀ ਆਜ਼ਾਦੀ ਤੇ ਵਹਿਸ਼ੀ ਹਮਲਾ ਕਰਾਰ ਦਿੱਤਾ ਗਿਆ ਸੀ। ਕਈ ਧਿਰਾਂ ਨੇ ਖਾਲਿਸਤਾਨੀਆਂ ਨੂੰ ਬੇਕਿਰਕੀ ਨਾਲ ਕੁਚਲ ਦੇਣ ਦੀ ਮੰਗ ਵੀ ਕੀਤੀ ਸੀ। ਡਾ. ਰਵੀ ਦੇ ਭੋਗ ਤੇ ਉਸ ਨੂੰ ਸੂਰਜ ਨਾਲ ਤਸ਼ਬੀਹ ਦਿੱਤੀ ਗਈ ਸੀ। ਉਸ ਦੇ ਭੋਗ ਤੇ ਭਾਰਤੀ ਸਟੇਟ ਦੇ ਵੱਡੇ ਤੋਂ ਵੱਡੇ ਨੁਮਾਇੰਦੇ ਹਾਜ਼ਰ ਸਨ। ਹਰ ਇੱਕ ਨੇ ਖਾਲਿਸਤਾਨੀਆਂ ਨੂੰ ਰਾਖਸ਼ ਬਣਾਉਣ ਦੀ ਕੋਈ ਕਸਰ ਨਹੀਂ ਛੱਡੀ ਸੀ। ਪੰਜਾਬੀ ਨਾਵਲਕਾਰ ਗੁਰਦਿਆਲ ਸਿੰਘ ਜੈਤੋ ਨੇ ਤਾਂ ਖਾਲਿਸਤਾਨੀਆਂ ਨੂੰ ਅਸੁਰ ਦੀ ਉਪਾਧੀ ਦਿੱਤੀ ਸੀ।

ਹੁਣ ਵੀ ਡਾ. ਰਵੀ ਦੇ ਹੱਕੀ ਵਾਰਸ ਕਹਾਉਣ ਵਾਲੇ ਕੁਸ਼ ਸੱਜਣ ਰਵੀ ਬਾਰੇ ਲਿਖਦਿਆਂ ਖਾਲਿਸਤਾਨੀਆਂ ਨੂੰ ਰਾਖਸ਼ ਬਣਾ ਕੇ ਪੇਸ਼ ਕਰਦੇ ਹਨ। ਰਵੀ ਬਾਰੇ ਕਿਹਾ ਗਿਆ ਹੈ ਕਿ ਉਹ ਗੁਰੂ ਨਾਨਕ ਦੀ ਸੰਬਾਦਿਕ ਧਾਰਾ ਦਾ ਸੱਚਾ ਵਾਰਸ ਸੀ। ਇਹ ਤਾਂ ਖ਼ਾਲਿਸਤਾਨੀ ਹੀ ਸਨ ਜੋ ਦਲੀਲ ਨਾਲ ਗੱਲ ਕਰਨ ਪੱਖੋਂ ਬੌਧਿਕ ਤੌਰ ਤੇ ਹੀਣੇ ਸਨ।

ਸੱਜਣੋ! ਜਿਹੜੇ ਲੋਕ ਲਿਖਣ ਬੋਲਣ ਦੀ ਅਜਾਦੀ ਦੇ ਅਲਬੇਲੇ ਆਸ਼ਕ ਬਣ ਕੇ ਗੁਰੂ ਨਾਨਕ ਦੀ ਸੰਬਾਦਿਕ ਧਾਰਾ ਦੇ ਪੈਰੋਕਾਰ ਬਣੇ ਹੋਏ ਹਨ, ਉਨ੍ਹਾਂ ਦੀਆਂ ਝੂਠੀਆਂ ਲਿਖਤਾਂ ਪੜ੍ਹ ਕੇ ਰੋਣ ਵੀ ਆਉਦਾਂ ਹੈ ਤੇ ਗ਼ੁੱਸਾ ਵੀ ਆਉਂਦਾ ਹੈ। ਇਹ ਸਾਰੀਆਂ ਲਿਖਤਾਂ ਇੱਕਪਾਸੜ ਹਨ ਪਰ ਇਹ ਗੱਲ ਵੀ ਸਮਝਣ ਵਾਲੀ ਹੈ ਕਿ ਇਹ ਖੱਬੇ ਪੱਖੀ ਲਿਖਤਾਂ ਤੇ ਸਰਕਾਰੀ ਲਿਖਤਾਂ ਵਿਚ ਪੂਰੀ ਸਾਂਝ ਹੈ। ਡਾ. ਰਵੀ ਬਾਰੇ ਇਹ ਲਿਖਤਾਂ ਇੱਕ ਪਾਸੜ ਸੱਚ ਬਿਆਨ ਕਰ-ਦੀਆਂ ਹਨ। ਇਹ ਲਿਖਤਾਂ ਨੂੰ ਭਾਰਤੀ ਸਟੇਟ ਨੇ ਪੂਰੀ ਤਰਾਂ ਸਥਾਪਤ ਕਰ ਦਿੱਤਾ ਹੈ।

ਆਓ ਰਵੀ ਦੇ ਦੂਜੇ ਸੱਚ ਤੇ ਵੀ ਝਾਤ ਪਾਈਏ! ਡਾ. ਰਵੀ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ) ਦਾ ਮੈਂਬਰ ਸੀ। ਸੀ.ਪੀ.ਆਈ 1950 ਤੋਂ ਬਾਅਦ ਭਾਰਤੀ ਸਟੇਟ ਦਾ ਅੰਗ ਬਣਕੇ ਕਾਂਗਰਸ ਦੀ ਬੀ ਟੀਮ ਬਣ ਚੁੱਕੀ ਸੀ। ਮੁੱਦਈ ਸੁਸਤ ਗਵਾਹ ਚੁਸਤ ਵਾਂਗ, ਸਿੱਖਾਂ ਬਾਰੇ ਜੋ ਕਾਂਗਰਸ ਦੀ ਪਹੁੰਚ ਸੀ, ਉਸ ਤੋਂ ਜ਼ਹਿਰੀਲੀ ਬੋਲੀ ਇਹ ਪਾਰਟੀ ਬੋਲਦੀ ਸੀ। ਸ਼ਾਂਤਮਈ ਅਕਾਲੀ ਮੋਰਚੇ ਨੂੰ ਵੀ ਇਹ ਅੱਤਵਾਦ ਵੱਖਵਾਦ ਹੀ ਦੱਸਦੀ ਸੀ। ਪੰਜਾਬ ਮਸਲੇ ਨੂੰ 'ਲਾਅ ਐਂਡ ਆਰਡਰ' ਦਾ ਮਸਲਾ ਕਹਿੰਦੀ ਸੀ। ਖਾੜਕੂ ਸਿੱਖ ਸੰਘਰਸ਼ ਨੂੰ ਸਖ਼ਤੀ ਨਾਲ ਕੁਚਲਣ ਦੀ ਵਕਾਲਤ ਕਰਦੀ, ਦਰਬਾਰ ਸਾਹਿਬ ਦੇ ਢਹਿ ਢੇਰੀ ਹੋਣ ਤੇ ਵਾਘੀਆਂ ਪਾਉਂਦੀ ਸੀ। ਇਸ ਪਾਰਟੀ ਦੇ






ਲੀਡਰ ਸਰਕਾਰ ਕੋਲੋਂ ਬਾਡੀਗਾਰਡ ਲੈ ਕੇ ਸਰਕਾਰ ਦੀ ਥਾਂ ਸਿੱਖਾਂ ਨਾਲ ਖ਼ੁਦ ਲੜ ਰਹੇ ਸਨ। ਡਾ. ਰਵੀ ਪਾਰਟੀ ਪਾਲਿਟਿਕਸ ਦਾ ਹੀ ਪ੍ਰਚਾਰ ਕਰਦਾ ਸੀ।

ਜੂਨ 1984 ਦੇ ਹਮਲੇ ਮੌਕੇ ਜਦ ਸਮੁੱਚੇ ਵਿਸ਼ਵ ਦਾ ਸਿੱਖ ਭਾਈਚਾਰਾ ਗ਼ਮ ਤੇ ਗ਼ੁੱਸੇ ਨਾਲ ਬੇਹਾਲ ਹੋਇਆ ਫਿਰਦਾ ਸੀ ਤਾਂ ਇਹੀ ਡਾ. ਰਵੀ ਯੂਨੀਵਰਸਿਟੀ ਦੇ ਅਧਿਆਪਕਾਂ ਦੀ ਜਥੇਬੰਦੀ (PUTA) ਦਾ ਆਗੂ ਹੋਣ ਦੀ ਹੈਸੀਅਤ ਚ ਅਪ੍ਰੇਸ਼ਨ ਬਲਿਊ ਸਟਾਰ ਦੇ ਹੱਕ ਚ ਧੰਨਵਾਦੀ ਮਤਾ ਲੈ ਕੇ ਆਇਆ ਸੀ, ਜੋ ਡਾ. ਕੇਹਰ ਸਿੰਘ, ਪੱਤਰਕਾਰ ਚੰਚਲ ਮਨੋਹਰ ਸਿੰਘ ਦੀ ਪਤਨੀ ਡਾ. ਅੰਮ੍ਰਿਤ ਕੌਰ ਤੇ ਹੋਰ ਅਧਿਆਪਕਾਂ ਦੇ ਵਿਰੋਧ ਕਾਰਨ ਪਾਸ ਨਹੀਂ ਹੋ ਸਕਿਆ ਸੀ। ਜਦ ਨਵੰਬਰ 1984 ਚ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਸਿੱਖਾਂ ਦਾ ਕਤਲੇਆਮ ਹੋਇਆ ਤਾਂ ਡਾ. ਰਵੀ ਉਦੋਂ ਕੇਂਦਰੀ ਪੰਜਾਬੀ ਲੇਖਕ ਸਭਾ ( ਰਜਿ:) ਦਾ ਵੀ ਆਗੂ ਸੀ, ਸਭਾ ਵੱਲੋਂ ਇੰਦਰਾ ਗਾਂਧੀ ਦੀ ਮੌਤ ਤੇ ਦੁੱਖ ਦਾ ਮਤਾ ਤਾਂ ਪਾਇਆ ਗਿਆ ਪਰ ਹਜ਼ਾਰਾਂ ਸਿੱਖਾਂ ਦੀ ਮੌਤ ਤੇ ਹਾਅ ਦਾ ਨਾਅਰਾ ਨੀ ਮਾਰਿਆ। ਲੇਖਕ ਸੰਤੋਖ ਸਿੰਘ ਧੀਰ ਤਾਂ ਇੰਦਰਾ ਦੀ ਮੌਤ ਤੇ ਵਿਲਕ ਹੀ ਉੱਠਿਆ ਸੀ ਉਸਦੀ ਕਵਿਤਾ 'ਭਾਰਤ ਉਦਾਸ ਨਾ ਹੋ' ਪੜ੍ਹੀ ਜਾ ਸਕਦੀ ਹੈ।

1988 ਤੋਂ 1990 ਤੱਕ ਮੈਨੂੰ ਪੰਜਾਬੀ ਯੂਨੀ. 'ਚ ਜਾ ਕੇ ਰਹਿਣ ਦੇ ਬਹੁਤ ਮੌਕੇ ਮਿਲੇ ਹਨ, ਉਸ ਵਕਤ ਡਾ. ਰਵੀ ਨੇ ਆਪਣੇ ਚੇਲੇ ਬਾਲਕਿਆਂ ਦਾ ਇੱਕ ਗਰੁੱਪ ਬਣਾਇਆ ਹੋਇਆ ਸੀ ਜੋ ਸਿੱਖ ਨੌਜਵਾਨਾਂ ਦੇ ਹੋਸਟਲਾਂ ਚ ਆ ਕੇ ਠਹਿਰਨ ਵਾਲੇ ਖਾੜਕੂਆਂ ਦੀ ਸੂਹ ਡਾ. ਰਵੀ ਨੂੰ ਦਿੰਦਾ ਸੀ ਤੇ ਅਗਾਂਹ ਇਹ ਸੂਹ ਪੁਲਸ ਕੋਲ ਪਹੁੰਚ ਜਾਂਦੀ ਸੀ। ਰਵੀ ਦੇ ਇਹ ਚੇਲੇ ਬਾਲਕੇ ਹੁਣ ਪੰਜਾਬ ਹਰਿਆਣੇ ਦੇ ਕਾਲਜਾਂ, ਯੂਨੀਵਰਸਿਟੀਆਂ ਵਿਚ ਬੈਠੇ ਨੇ ਖ਼ਾਸ ਕਰ ਪੰਜਾਬੀ ਵਿਭਾਗਾਂ ਚ! ਪੁਲਸ ਨੂੰ ਸੂਹ ਦੇਣ ਦਾ ਇਹ ਬਦਕਾਰ ਧੰਦਾ ਨਕਸਲੀਆਂ ਦਾ ਸੁਰਖ਼ ਰੇਖਾ ਗਰੁੱਪ ਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦਾ ਨਾਗੀ-ਰੈਡੀ ਗਰੁੱਪ ਵੀ ਕਰਦੇ ਰਹੇ ਹਨ।

ਜਿਹੜੇ ਲੋਕ ਖਾਲਿਸਤਾਨੀਆਂ ਨੂੰ ਨਿਰੇ ਰਾਖਸ਼ ਬਣਾ ਕੇ ਪੇਸ਼ ਕਰ ਰਹੇ ਹਨ ਕਿ ਉਨ੍ਹਾਂ ਚ ਭੋਰਾ ਵੀ ਬਰਦਾਸ਼ਤ ਦਾ ਮਾਦਾ ਨਹੀਂ ਸੀ, ਉਹ 1984 ਤੋਂ ਲੈ ਕੇ 1989 ਤੱਕ ਰਵੀ ਦੀ ਭੂਮਿਕਾ ਨੂੰ ਦੇਖ ਸਕਦੇ ਹਨ ਕਿ ਕਿਵੇਂ ਮੁੰਡੇ ਉਸ ਨੂੰ ਪੰਜ ਸਾਲ ਧੀਰਜ ਨਾਲ ਬਰਦਾਸ਼ਤ ਕਰਦੇ ਰਹੇ ਹਨ।

ਸੁਆਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਦੀ ਸੰਬਾਦਿਕ ਧਾਰਾ ਦੇ ਵਾਰਸ ਕਾਮਰੇਡ ਭਾਰਤੀ ਸਟੇਟ ਦੇ ਹੱਥ ਠੋਕੇ ਤੇ ਪੁਲਸ ਦੇ ਟਾਊਟ ਹੀ ਕਿਉਂ ਬਣਦੇ ਨੇ? ਗੁਰੂ ਨਾਨਕ ਨੇ ਤਾਂ ਬਾਬਰ ਦੇ ਜ਼ੁਲਮ ਵਿਰੁੱਧ ਆਵਾਜ਼ ਉਠਾਈ ਸੀ ਪਰ ਸਮੇਤ ਡਾ. ਰਵੀ ਇਹਨਾਂ ਨੂੰ ਸਿੱਖਾਂ ਦਾ ਮਣਾਂ ਮੂੰਹੀਂ ਡੁੱਲ੍ਹਿਆ ਖ਼ੂਨ ਕਿਉਂ ਨਹੀਂ ਨਜ਼ਰ ਆਇਆ? ਬੁੱਧੀਜੀਵੀ ਤਾਂ ਸੰਵੇਦਨਸ਼ੀਲ ਹੁੰਦੇ ਹਨ ਪਰ ਸਿੱਖਾਂ ਪ੍ਰਤੀ ਇਹ ਬੇਰਹਿਮੀ ਕਿਉਂ?

ਇਹ ਵੱਡੇ ਸੁਆਲ ਖੜ੍ਹੇ ਹਨ। ਉਹ ਕਿਹੜੀ ਰਾਜਨੀਤੀ ਸੀ ਜਿਸ ਨੇ ਰਵੀ ਸਮੇਤ ਪੰਜਾਬ ਦੇ ਕਾਮਰੇਡਾਂ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ ਸਨ? ਫਿਰ ਹੀ ਡਾ. ਰਵੀ ਤੇ ਹੋਰਨਾਂ ਦੇ ਕਤਲਾਂ ਨੂੰ ਸਹੀ ਢੰਗ ਨਾਲ ਸਮਝਿਆ ਜਾ ਸਕਦਾ ਹੈ!

---

Rajwinder Singh Rahi

20 ਮਈ 2017 ·

ਪਿਆਰੇ ਸੱਜਣੋ!

੧੯ ਮਈ ੧੯੮੯ ਨੂੰ ਖਾਲਿਸਤਾਨੀ ਨੌਜਵਾਨਾ ਨੇ , ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ , ਉੱਘੇ ਆਲੋਚਕ ਡਾ: ਰਵਿੰਦਰ ਸਿੰਘ ਰਵੀ ਦਾ ਉਸ ਦੇ ਘਰ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।ਉਸ ਦੇ ਕਤਲ ਤੇ ਪੰਜਾਬੀ ਲੇਖਕਾਂ, ਸੀ.ਪੀ. ਆਈ, ਸੀ.ਪੀ.ਐਮ , ਭਾਰਤੀ ਸਟੇਟ ਤੇ ਨਕਸਲੀਆਂ ਦੇ ਕੁਛ ਗਰੁਪਾਂ ਨੇ ਖਾਲਿਸਤਾਨੀਆਂ ਵਿਰੁੱਧ ਬਹੁਤ ਹੀ ਜ਼ਹਿਰੀਲੇ ਗੁੱਸੇ ਦਾ ਪ੍ਰਗਟਾਵਾ ਕੀਤਾ ਸੀ।ਇਸ ਕਤਲ ਨੂੰ ਲੇਖਕਾਂ, ਕਵੀਆ, ਬੁੱਧੀਜੀਵੀਆਂ ਦੇ ਲਿਖਣ/ ਬੋਲਣ ਦੀ ਅਜਾਦੀ ਤੇ ਵਹਿਸ਼ੀ ਹਮਲਾ ਕਰਾਰ ਦਿੱਤਾ